# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ

## ਪਬਲਿਕ ਨੋਟਿਸ

### ਫਿਜੀਕਲ ਹੈਂਡੀਕੈਪਡ, ਗੂੰਗੇ ਅਤੇ ਬੋਲੇ ਉਮੀਦਵਾਰਾਂ ਦੇ ਬੈਕਲਾਗ ਦੀ ਭਰਤੀ ਸਬੰਧੀ

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ ਦੇ ਮੁੱਖ ਦਫਤਰ ਅਤੇ ਖੇਤਰੀ ਦਫਤਰਾਂ ਲਈ ਮਿਤੀ 7.1.2016 ਨੂੰ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਅਤੇ ਇਸ ਦਫਤਰ ਵੱਲੋਂ ਸੋਧਿਆ ਇਸ਼ਤਿਹਾਰ ਜੋ ਮਿਤੀ 3.6.2016 ਅਤੇ 4.6.2016 ਨੂੰ ਵੱਖ ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੋਇਆ ਸੀ, ਰਾਹੀਂ ਅੰਗਹੀਣ ਉਮੀਦਵਾਰਾਂ ਦੇ ਸਿੱਧੀ ਭਰਤੀ ਅਧੀਨ 3% ਕੋਟੇ ਦਾ ਬੈਕਲਾਗ ਭਰਨ ਲਈ ਕਲਰਕ(ਹੈਡ ਕੁਆਟਰ ਅਤੇ ਫੀਲਡ) ਦੀ ਮੰਗ ਕੀਤੀ ਗਈ ਸੀ, ਇਹਨਾਂ ਵਿਚੋਂ ਨੇਤਰਹੀਣ ਉਮੀਦਵਾਰਾਂ ਦੀ ਅਸਾਮੀਆਂ ਲਈ ਭਰਤੀ ਪਹਿਲਾਂ ਕੀਤੀ ਜਾ ਚੁੱਕੀ ਹੈ।

ਹੁਣ ਬਾਕੀ ਰਹਿੰਦੇ ਫਿਜ਼ੀਕਲ ਹੈਂਡੀਕੈਪਡ, ਗੂੰਗੇ ਅਤੇ ਬੋਲੇ ਉਮੀਦਵਾਰਾਂ ਦੀ ਭਰਤੀ ਸਬੰਧੀ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਅਪਲੋਡ ਕੀਤੇ ਗਏ ਕਰਾਈਟੇਰੀਏ ਅਤੇ ਪ੍ਰੋਵੀਜ਼ਨਲ ਮੈਰਿਟ ਲਿਸਟ (ਜੋ ਕਿ ਕੇਵਲ ਉਪਲਬੱਧ ਰਿਕਾਰਡ ਤੇ ਅਧਾਰਤ ਤੇ ਹੈ) ਵਿਚ ਦਰਜ ਕਲਰਕ ਹੈਡ ਕੁਆਟਰ ਅਤੇ ਫੀਲਡ ਦਾ ਟਾਈਪ ਟੈਸਟ ਲੈਣ ਲਈ ਮਿਤੀ: 18.11.17 ਨੂੰ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀ ਮੰਜਲ, ਸਮਾਂ ਸਵੇਰੇ 10:00 ਵਜੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ। ਉਮੀਦਵਾਰ ਆਪਣੇ ਨਾਲ ਵਿਦਿਅਕ ਯੋਗਤਾਵਾਂ, ਜਨਮ ਮਿਤੀ ਦੇ ਅਸਲ ਸਰਟੀਫਿਕੇਟ, ਦੱਸਵੀਂ ਪੱਧਰ ਤੱਕ ਦੀ ਪੰਜਾਬੀ ਪਾਸ ਕਰਨ ਦਾ ਸਬੂਤ/ਸਰਟੀਫਿਕੇਟ, ਫੋਟੋ ਪਹਿਚਾਣ ਪੱਤਰ, 2 ਪਾਸਪੋਰਟ ਸਾਈਜ਼ ਫੋਟੋਆਂ, ਅਪਲਾਈ ਕਰਨ ਦਾ ਅਸਲ ਸਬੂਤ, ਅੰਗਹੀਣਤਾ ਅਤੇ ਪੰਜਾਬ ਵਾਸੀ ਹੋਣ ਦਾ ਸਰਟੀਫਿਕੇਟ, ਜੋ ਕਿ ਸਮਰੱਥ ਅਥਾਰਟੀ ਤੋਂ ਬਣੇ ਹੋਣ, ਅਸਲ ਅਤੇ ਉਨਾਂ ਦੀਆਂ ਖੁੱਦ ਤਸਦੀਕਸ਼ੁਦਾ ਕਾਪੀਆਂ ਲੈਕੇ ਹਾਜ਼ਰ ਹੋਣਾ ਯਕੀਨੀ ਬਣਾਉਣ। ਹੋਰ ਕੋਈ ਵੱਖਰਾ ਪੱਤਰ ਵਿਚਾਰ ਨਹੀਂ ਕੀਤਾ ਜਾਵੇਗਾ।

---

ਨੋਟ: ਜਿਨਾਂ ਉਮੀਦਵਾਰਾਂ ਦੇ ਨਾ ਇਸ ਲਿਸਟ ਵਿਚ ਦਰਜ਼ ਨਹੀਂ ਹਨ ਪਰ ਉਨਾਂ ਨੇ ਉਕਤ ਅਸਾਮੀਆਂ ਲਈ, ਨਿਰਧਾਰਤ ਮਿਤੀ ਤੋਂ ਪਹਿਲਾਂ ਅਪਲਾਈ ਕੀਤਾ ਸੀ ਅਤੇ ਉਹ ਇਹ ਸਮਝਦੇ ਹਨ ਕਿ ਉਨਾਂ ਦੀ ਮੈਰਿਟ ਵੈਬਸਾਈਟ ਤੇ ਅਪਲੋਡ ਕੀਤੇ ਕਰਾਈਟੇਰੀਏ ਅਨੁਸਾਰ, ਵੱਧ ਬਣਦੀ ਹੈ ਤਾਂ ਉਹ ਵੀ ਉਕਤ ਮਿੱਥੀ ਮਿਤੀ ਨੂੰ ਦਸਤਾਵੇਜ਼ ਲੈ ਕੇ ਟਾਈਪ ਟੈਸਟ ਲਈ ਪੇਸ ਹੋ ਸਕਦੇ ਹਨ, ਉਕਤ ਮਿਤੀ ਤੋਂ ਬਾਅਦ ਟਾਈਪ ਟੈਸਟ ਲਈ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)
ਪੰਜਾਬ।